

# ਤੁਹਾਨੂੰ ਪ੍ਰੋਸਟੈਟਿਟੀਜ਼ ਬਾਰੇ ਕੀ ਜਾਨਣਾ ਚਾਹੀਦਾ ਹੈ

Urology Care FOUNDATION™
*The Official Foundation of the American Urological Association*

## ਪ੍ਰੋਸਟੇਟ ਕੀ ਹੁੰਦਾ ਹੈ?

ਪ੍ਰੋਸਟੇਟ ਇੱਕ ਛੋਟਾ, ਅਖਰੋਟ ਦੇ ਆਕਾਰ ਦਾ ਗਲੈਂਡ(ਗ੍ਰੰਥੀ) ਹੁੰਦਾ ਹੈ ਜੋ ਮਰਦ ਪ੍ਰਜਣਨ ਪ੍ਰਣਾਲੀ ਦਾ ਇੱਕ ਭਾਗ ਹੈ। ਪ੍ਰੋਸਟੇਟ ਦਾ ਮੁੱਖ ਕੰਮ ਵੀਰਜ ਲਈ ਤਰਲ ਤਿਆਰ ਕਰਨ ਵਿੱਚ ਮਦਦ ਕਰਨਾ ਹੈ। ਵੀਰਜ ਸ਼ੁਕਰਾਣੂਆਂ ਨੂੰ ਸੁਰੱਖਿਅਤ ਰੱਖਦਾ ਹੈ ਅਤੇ ਉਹਨਾਂ ਨੂੰ ਊਰਜਾ ਦਿੰਦਾ ਹੈ।

## ਪ੍ਰੋਸਟੈਟਿਟੀਜ਼ ਕੀ ਹੁੰਦਾ ਹੈ?

ਪ੍ਰੋਸਟੈਟਿਟੀਜ਼ ਆਮ ਤੌਰ ਤੇ ਪ੍ਰੋਸਟੇਟ ਤੋਂ ਆਰੰਭ ਹੋ ਕੇ, ਪੇਡੂ ਖੇਤਰ ਦੇ ਆਲ-ਦੁਆਲੇ ਅਤੇ ਇਸ ਵਿੱਚ ਦਰਦ ਹੋਣ ਨਾਲ ਸੰਬੰਧਤ ਹੈ। ਇਹ ਹਰ ਉਮਰ ਦੇ ਮਰਦਾਂ ਨੂੰ ਹੋ ਸਕਦਾ ਹੈ। ਇਹ ਇਸ ਤੋਂ ਹੋ ਸਕਦਾ ਹੈ:

- ਰੋਗਾਣੂ ਦੁਆਰਾ ਕੀਤੇ ਗਏ ਇੱਕ ਸੰਕਰਮਣ
- ਸੰਕਰਮਣ ਜਾਂ ਸੱਟ ਤੋਂ ਹੁੰਦੀ ਜਲਣ(ਦਰਦਨਾਕ, ਲਾਲ, ਸੁੱਜਿਆ ਹੋਇਆ ਟਿਸ਼ੂ)
- ਕਿਸੇ ਹੋਰ ਸਮੱਸਿਆ

## ਪ੍ਰੋਸਟੈਟਿਟੀਜ਼ ਦੇ ਲੱਛਣ ਕੀ ਹਨ?

ਤੁਸੀਂ ਕਿਵੇਂ ਮਹਿਸੂਸ ਕਰਦੇ ਹੋ, ਦੇ ਨਾਲ ਤੁਹਾਡੇ ਡਾਕਟਰ ਨੂੰ ਤੁਹਾਨੂੰ ਹੋਈ ਪ੍ਰੋਸਟੈਟਿਟੀਜ਼ ਦੀ ਕਿਸਮ ਦਾ ਪਤਾ ਲਗਾਉਣ ਵਿੱਚ ਮਦਦ ਮਿਲੇਗੀ।

**ਕਰੋਨਿਕ ਪ੍ਰੋਸਟੈਟਿਟੀਜ਼/ਕਰੋਨਿਕ ਪੈਲਵਿਕ ਪੇਨ ਸਿੰਡਰੋਮ(ਸੀ.ਪੀ./ਸੀ.ਪੀ.ਪੀ.ਐੱਸ.)** ਪ੍ਰੋਸਟੇਟ ਅਤੇ ਇਸਦੀਆਂ ਨਾੜਾਂ ਤੱਕ ਦੇ ਖੇਤਰ ਵਿੱਚ ਹੁੰਦੀ ਇੱਕ ਜਲਣ ਹੈ। ਇਹ ਸੰਕਰਮਣ ਨਹੀਂ ਹੈ। ਲੱਛਣ ਹਨ:

- ਪਿਸ਼ਾਬ ਕਰਨ ਵਿੱਚ ਸਮੱਸਿਆ (ਕਦੇ-ਕਦੇ ਦਰਦ ਨਾਲ)
- ਬਲੈਡਰ, ਪਤਾਲੂ ਥੈਲੀਆਂ, ਲਿੰਗ ਅਤੇ/ਜਾਂ ਗੁਦਾ ਵਿੱਚ ਅਤੇ ਦੁਆਲੇ ਦਰਦ ਹੋਣਾ
- ਵੀਰਜ ਨਿਕਲਣ ਸਮੇਂ ਦਰਦ ਹੋਣਾ

**ਕਰੋਨਿਕ ਬੈਕਟੀਰੀਅਲ ਪ੍ਰੋਸਟੈਟਿਟੀਜ਼** ਰੋਗਾਣੂ ਤੋਂ ਹੁੰਦੀ ਅਤੇ ਅਤੇ ਆਮ ਘੱਟ ਹੈ। ਇਹ ਲੰਬੇ ਸਮੇਂ ਤੱਕ ਆਉਣ ਜਾਣ ਬਾਰੇ ਜਾਣੀ ਜਾਂਦੀ ਹੈ ਜਿਵੇਂ ਘੱਟੋ-ਘੱਟ ਤਿੰਨ ਮਹੀਨੇ। ਲੱਛਣ ਹੋ ਸਕਦੇ ਹਨ:

- ਪਿਸ਼ਾਬ ਕਰਨ ਸਮੇਂ ਸਾੜ ਮਹਿਸੂਸ ਹੋਣਾ
- ਅਕਸਰ ਪਿਸ਼ਾਬ ਕਰਨ ਦੀ ਲੋੜ ਹੋਣਾ(ਦਿਨ ਵਿੱਚ 8 ਜਾਂ ਜ਼ਿਆਦਾ ਵਾਰ)
- ਬਲੈਡਰ, ਪਤਾਲੂ ਥੈਲੀਆਂ, ਲਿੰਗ ਅਤੇ/ਜਾਂ ਗੁਦਾ ਵਿੱਚ ਅਤੇ ਦੁਆਲੇ ਦਰਦ ਹੋਣਾ
- ਵੀਰਜ ਨਿਕਲਣ ਸਮੇਂ ਦਰਦ ਹੋਣਾ

**ਐਕਿਊਟ ਬੈਕਟੀਰੀਅਲ ਪ੍ਰੋਸਟੈਟਿਟੀਜ਼** ਵੀ ਰੋਗਾਣੂ ਤੋਂ ਹੁੰਦੀ ਹੈ ਅਤੇ ਆਮ ਘੱਟ ਹੈ। ਇਸ ਸਮੱਸਿਆ ਲਈ ਲੱਛਣ ਅਚਾਨਕ ਸ਼ੁਰੂ ਹੋ ਸਕਦੇ ਹਨ ਅਤੇ ਬਹੁਤ ਤਕਲੀਫਦੇਹ ਹੁੰਦੇ ਹਨ। ਮਰਦਾਂ ਨੂੰ ਉਸੇ ਵੇਲੇ ਮੈਡੀਕਲ ਦੇਖਭਾਲ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਲੱਛਣਾਂ ਵਿੱਚ ਸ਼ਾਮਲ ਹੈ:

- ਠੰਢ ਲੱਗਣੀ
- ਬੁਖਾਰ
- ਪਿਸ਼ਾਬ ਕਰਨ ਸਮੇਂ ਬਹੁਤ ਦਰਦਨਾਕ ਜਲਣ
- ਬਲੈਡਰ ਨੂੰ ਖਾਲੀ ਕਰਨ ਵਿੱਚ ਸਮੱਸਿਆ

**ਨਾਨ-ਬੈਕਟੀਰੀਅਲ ਪ੍ਰੋਸਟੈਟਿਟੀਜ਼** ਤਣਾਅ, ਨਾੜਾਂ ਦੇ ਚਿੜਚਿੜ੍ਹੇਪਣ, ਸੱਟਾਂ ਜਾਂ ਪੁਰਾਣੀਆਂ ਪਿਸ਼ਾਬ ਨਲੀ ਸੰਕਰਮਣਾਂ ਤੋਂ ਹੋ ਸਕਦੀ ਹੈ। ਪ੍ਰੋਸਟੈਟਿਟੀਜ਼ ਦੀ ਇਸ ਕਿਸਮ ਦਾ ਕੋਈ ਰੋਗਾਣੂ ਚਿੰਨ੍ਹ ਪਿਸ਼ਾਬ ਜਾਂ ਵੀਰਜ ਵਿੱਚ ਨਹੀਂ ਹੁੰਦਾ।

## ਪ੍ਰੋਸਟੈਟਿਟੀਜ਼ ਕਿਸ ਕਾਰਨ ਹੁੰਦਾ ਹੈ?

ਪ੍ਰੋਸਟੈਟਿਟੀਜ਼ ਦਾ ਕਾਰਨ ਹਮੇਸ਼ਾਂ ਪਤਾ ਨਹੀਂ ਹੁੰਦਾ। ਕੁਝ ਚੀਜ਼ਾਂ ਰੋਗਾਣੂ ਸੰਕਰਮਣ ਦਾ ਜੋਖਮ ਵਧਾ ਸਕਦੀਆਂ ਹਨ। ਮਿਸਾਲ ਵਜੋਂ, ਕਾਮ ਸੰਪਰਕ ਤੋਂ ਇੱਕ ਸੰਕਰਮਣ, ਇੱਕ ਟਿਊਬ, ਇੱਕ ਬਲੈਡਰ ਸੰਕਰਮਣ ਜਾਂ ਪਿਸ਼ਾਬ ਨਲੀ ਵਿੱਚ ਇੱਕ ਸਮੱਸਿਆ।

ਪੇਡੂ ਦਰਦ ਪ੍ਰੋਸਟੈਟਿਟੀਜ਼ ਤੋਂ ਨਹੀਂ ਵੀ ਹੋ ਸਕਦਾ। ਪੇਡੂ ਦਰਦ ਦੇ ਹੋਰ ਕਾਰਨ:

- ਪੇਡੂ ਮਾਸਪੇਸ਼ੀ ਤਣਾਅ
- ਪ੍ਰੋਸਟੇਟ ਪੱਥਰੀਆਂ
- ਇੱਕ ਪਿਸ਼ਾਬ-ਮਾਰਗੀ ਰੁਕਾਵਟ (ਪਿਸ਼ਾਬ-ਮਾਰਗ ਦਾ ਤੰਗ ਹੋਣਾ) ਜਾਂ ਧੱਬਾ ਟਿਸ਼ੂ
- ਪ੍ਰੋਸਟੇਟ ਕੈਂਸਰ

**ਰਾਸ਼ਟਰੀ ਹੈੱਡ ਕੁਆਰਟਰ**: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090
ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org

# ਤੁਹਾਨੂੰ ਪ੍ਰੋਸਟੈਟਿਟੀਜ਼ ਬਾਰੇ ਕੀ ਜਾਨਣਾ ਚਾਹੀਦਾ ਹੈ

Urology Care FOUNDATION™
*The Official Foundation of the American Urological Association*

- ਬਿਨਾਈਨ ਪ੍ਰੋਸਟੇਟ ਹਾਈਪਰਪਲਾਜ਼ੀਆ (ਬੀ.ਪੀ.ਐੱਚ.)– ਇੱਕ ਵੱਡਾ ਹੋਇਆ ਪ੍ਰੋਸਟੇਟ

## ਪ੍ਰੋਸਟੈਟਿਟੀਜ਼ ਦਾ ਰੋਗਨਿਦਾਨ ਕਿਵੇਂ ਹੁੰਦਾ ਹੈ?

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੇ ਦਰਦ ਬਾਰੇ ਪ੍ਰਸ਼ਨ ਪੁੱਛ ਕੇ ਆਰੰਭ ਕਰ ਸਕਦਾ ਹੈ ਤਾਂ ਕਿ ਗਲਤ ਕੀ ਹੋਇਆ ਹੈ ਦਾ ਪਤਾ ਲਗਾਇਆ ਜਾ ਸਕੇ। ਆਕਾਰ ਵਾਧੇ ਜਾਂ ਦਰਦ ਨੂੰ ਜਾਂਚਣ ਲਈ ਇੱਕ ਡਿਜੀਟਲ ਰੈਕਟਲ ਐਗਜ਼ਾਮ(ਡੀ.ਆਰ.ਈ.) ਕੀਤਾ ਜਾ ਸਕਦਾ ਹੈ। ਤੁਹਾਡਾ ਡਾਕਟਰ ਇੱਕ ਟਰਾਂਸਰੈਕਟਲ ਅਲਟਰਾਸਾਉਂਡ ਕਰ ਸਕਦਾ ਹੈ ਜਾਂ ਤੁਹਾਡੇ ਪ੍ਰੋਸਟੇਟ ਨੂੰ ਹੋਰ ਨੇੜਿਓਂ ਵੇਖਣ ਲਈ ਸਿਸਟੋਸਕੋਪ ਦੀ ਵਰਤੋਂ ਕਰ ਸਕਦਾ ਹੈ। ਤੁਹਾਡੇ ਪਿਸ਼ਾਬ ਜਾਂ ਪ੍ਰੋਸਟੇਟ ਤਰਲ ਵਿੱਚ ਰੋਗਾਣੂ ਵੇਖਣ ਲਈ ਤੁਹਾਨੂੰ ਪ੍ਰਯੋਗਸ਼ਾਲਾ ਟੈੱਸਟ ਕਰਾਉਣ ਲਈ ਵੀ ਕਿਹਾ ਜਾ ਸਕਦਾ ਹੈ। ਇੱਕ ਪਿਸ਼ਾਬ ਵਹਾਅ ਅਧਿਐਨ ਯੂਰੋਡਾਇਨਾਮਿਕਸ ਟੈੱਸਟ ਰੁਕਾਵਟ ਚੈੱਕ ਕਰਨ ਲਈ ਕੀਤਾ ਜਾ ਸਕਦਾ ਹੈ।

## ਮੇਰੇ ਇਲਾਜ ਦੇ ਵਿਕਲਪ ਕੀ ਹਨ?

ਤੁਹਾਡਾ ਇਲਾਜ ਤੁਹਾਨੂੰ ਹੋਈ ਪ੍ਰੋਸਟੈਟਿਟੀਜ਼ ਦੀ ਕਿਸਮ ਤੇ ਨਿਰਭਰ ਕਰੇਗਾ। ਤੁਸੀਂ ਇੱਕ ਜਾਂ ਜ਼ਿਆਦਾ ਇਲਾਜਾਂ ਦੀ ਕੋਸ਼ਿਸ਼ ਕਰ ਸਕਦੇ ਹੋ ਜਦੋਂ ਤੱਕ ਤੁਸੀਂ ਕੁਝ ਅਜਿਹਾ ਨਹੀਂ ਲੱਭ ਲੈਂਦੇ ਜੋ ਤੁਹਾਨੂੰ ਮਦਦ ਕਰਦਾ ਹੋਵੇ:

**ਐਂਟੀਬਾਇਓਟਿਕਸ:** ਅਕਸਰ ਕਿਸੇ ਰੋਗਾਣੂ ਨੂੰ ਖਤਮ ਕਰਨ ਲਈ ਪਹਿਲੇ ਕਦਮ ਵਜੋਂ ਵਰਤਿਆ ਜਾਂਦਾ ਹੈ।

**ਅਲਫਾ-ਬਲੌਕਰਜ਼:** ਪ੍ਰੋਸਟੇਟ ਦੇ ਦੁਆਲੇ ਅਤੇ ਬਲੈਡਰ ਦੇ ਅਧਾਰ ਤੇ ਮਾਸਪੇਸ਼ੀਆਂ ਨੂੰ ਅਰਾਮ ਦੇਣ ਵਿੱਚ ਮਦਦ ਕਰਨਾ। ਇਹਨਾਂ ਦਵਾਈਆਂ ਦੀਆਂ ਅਨੇਕ ਕਿਸਮਾਂ ਹਨ।

**ਐਂਟੀ-ਇਨਫਲਾਮੇਟਰੀ ਏਜੰਟਸ:** ਨਾਨ-ਸਟੀਰੌਆਇਡਲ ਦਵਾਈਆਂ ਦਰਦ ਘਟਾਉਣ ਲਈ ਜਿਵੇਂ ਕਿ ਐਸਪਿਰਿਨ, ਇਬੁਪਰੂਫਨ ਆਦਿ। ਇਹ ਮਾਸਪੇਸ਼ੀਆਂ ਨੂੰ ਅਰਾਮ ਦੇਣ ਵਿੱਚ ਵੀ ਮਦਦ ਕਰਦੀਆਂ ਹਨ।

**ਪ੍ਰੋਸਟੈਟਿਕ ਮਸਾਜ:** ਪ੍ਰੋਸਟੇਟ ਵਿੱਚ ਦਬਾਅ ਨੂੰ ਘਟਾਉਣ ਵਿੱਚ ਮਦਦ ਕਰਦੀ ਹੈ। ਇਹ ਪ੍ਰੋਸਟੇਟ ਨਾੜੀਆਂ ਵਿੱਚੋਂ ਤਰਲ ਬਾਹਰ ਕੱਢ ਕੇ ਅਤੇ ਨਾਲ ਹੀ ਨਾਲ ਮਾਸਪੇਸ਼ੀਆਂ ਨੂੰ ਅਰਾਮ ਦੇ ਕੇ ਕੀਤਾ ਜਾਂਦਾ ਹੈ।

**ਬਾਇਓਫੀਡਬੈਕ:** ਇੱਕ ਢੰਗ ਇਹ ਜਾਨਣ ਲਈ ਕਿ ਕੁਝ ਖਾਸ ਮਾਸਪੇਸ਼ੀਆਂ ਨੂੰ ਅਰਾਮ ਕਿਵੇਂ ਦਿੱਤਾ ਜਾਵੇ। ਇਹ ਤੁਹਾਡੇ ਪੇਡੂ ਖੇਤਰ ਵਿੱਚ ਤਣਾਅ ਘਟਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਮਾਹਿਰ ਦੀ ਸਹਾਇਤਾ ਨਾਲ ਕੀਤਾ ਜਾਂਦਾ ਹੈ।

**ਹੋਮ ਰੈਮੇਡੀਜ਼:** ਦਰਦ ਘਟਾਉਣ ਲਈ ਅਜਿਹੀਆਂ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਘਰ ਵਿੱਚ ਹੀ ਕੀਤੀਆਂ ਜਾ ਸਕਦੀਆਂ ਹਨ। ਇਹਨਾਂ ਵਿੱਚ ਗਰਮ ਇਸ਼ਨਾਨ, ਗਰਮ ਪਾਣੀ ਦੀਆਂ ਬੋਤਲਾਂ, ਹੀਟਿੰਗ ਪੈਡ ਅਤੇ ਇੱਕ ਡੋਨੱਟ ਆਕਾਰ ਦਾ ਸਿਰਹਾਣਾ ਸ਼ਾਮਲ ਹਨ।

**ਲਾਈਫਸਟਾਈਲ ਚੇਂਜਜ਼:** ਜਿਵੇਂ ਕਿ ਭਾਰ ਘਟਣਾ ਅਤੇ ਭੋਜਨ ਤਬਦੀਲੀਆਂ, ਅਰਾਮ ਕਰਨਾ ਸਿੱਖਣਾ, ਅਤੇ ਲੱਛਣ ਖਤਮ ਕਰਨ ਲਈ ਕਸਰਤ ਕਰਨਾ। ਇਸਦਾ ਕੋਈ ਪ੍ਰਮਾਣ ਨਹੀਂ ਕਿ ਜੜ੍ਹੀ ਬੂਟੀਆਂ ਅਤੇ ਸਪਲੀਮੈਂਟ ਪ੍ਰੋਸਟੈਟਿਟੀਜ਼ ਨੂੰ ਮਦਦ ਕਰਦੀਆਂ ਹਨ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਜੋ ਤਬਦੀਲੀਆਂ ਤੁਸੀਂ ਕਰ ਸਕਦੇ ਹੋ ਬਾਰੇ ਪੁੱਛੋ।

**ਐਕਿਊਪੰਕਚਰ:** ਇਸ ਵਿੱਚ ਦਰਦ ਘਟਾਉਣ ਵਿੱਚ ਮਦਦ ਲਈ ਇੱਕ ਕਿੱਤਾ ਮਾਹਿਰ ਦੀ ਮਦਦ ਨਾਲ ਤੁਹਾਡੇ ਸਰੀਰ ਉੱਪਰ ਚਮੜੀ ਵਿੱਚ ਵਿਭਿੰਨ ਗਹਿਰਾਈਆਂ ਤੇ ਸੂਈਆਂ ਚੁਭਾਉਣਾ ਸ਼ਾਮਲ ਹੈ।

**ਸਰਜਰੀ:** ਜਾਂ ਤਾਂ ਯੂਰੇਥਰਾ ਜਾਂ ਪ੍ਰੋਸਟੇਟ ਵਿੱਚ ਦੁਰਲੱਭ ਮਾਮਲਿਆਂ ਵਿੱਚ ਸਰਜਰੀ ਦੀ ਲੋੜ ਪੈ ਸਕਦੀ ਹੈ। ਕੋਈ ਸਟੀਕ ਸਮੱਸਿਆ, ਜਿਵੇਂ ਕਿ ਯੂਰੇਥਰਾ ਵਿੱਚ ਧੱਬਾ ਟਿਸ਼ੂ ਨਾਲ ਪ੍ਰੋਸਟੈਟਿਟੀਜ਼ ਸਰਜਰੀ ਕੰਮ ਕਰਦੀ ਹੈ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਪੁੱਛੇ ਜਾਣ ਵਾਲੇ ਪ੍ਰਸ਼ਨ

- o ਤੁਹਾਨੂੰ ਕਿਵੇਂ ਪਤਾ ਹੈ ਕਿ ਮੈਨੂੰ ਪ੍ਰੋਸਟੈਟਿਟੀਜ਼ ਹੈ ਜਾਂ ਕੁਝ ਹੋਰ?
- o ਕੀ ਇਲਾਜ ਮੇਰੇ ਪ੍ਰੋਸਟੈਟਿਟੀਜ਼ ਨੂੰ ਠੀਕ ਕਰ ਸਕਦਾ ਹੈ, ਜਾਂ ਇਹ ਕੁਝ ਅਜਿਹਾ ਹੈ ਜਿਸਨੂੰ ਮੈਨੂੰ ਲੰਬੇ ਸਮੇਂ ਤੱਕ ਝੱਲਣਾ ਪਵੇਗਾ?
- o ਮੇਰੇ ਲਈ ਬਿਹਤਰੀਨ ਇਲਾਜ ਵਿਕਲਪ ਕੀ ਹਨ?
- o ਹਰ ਇਲਾਜ ਦੇ ਪਾਸੜ ਪ੍ਰਭਾਵ ਕੀ ਹਨ?
- o ਜੇ ਮੈਨੂੰ ਠੀਕ ਮਹਿਸੂਸ ਹੁੰਦਾ ਹੈ, ਕੀ ਮੈਂ ਇਲਾਜ ਬੰਦ ਕਰ ਸਕਦਾ ਹਾਂ?
- o ਜੇ ਮੈਨੂੰ ਠੀਕ ਮਹਿਸੂਸ ਨਹੀਂ ਹੁੰਦਾ, ਮੇਰੇ ਅਗਲੇ ਕਦਮ ਕੀ ਹਨ?
- o ਕੀ ਮੈਂ ਆਮ ਵਾਂਗ ਸੰਭੋਗ ਕਰ ਸਕਦਾ ਹਾਂ?

## ਯੂਰੋਲੌਜੀ ਕੇਅਰ ਫਾਊਂਡੇਸ਼ਨ ਬਾਰੇ

ਯੂਰੋਲੌਜੀ ਕੇਅਰ ਫਾਊਂਡੇਸ਼ਨ ਦੁਨੀਆਂ ਦੀ ਉੱਘੀ ਯੂਰੋਲੌਜਿਕ ਸੰਸਥਾ ਹੈ– ਅਤੇ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੀ ਅਧਿਕਾਰਕ ਸੰਸਥਾ ਹੈ। ਅਸੀਂ ਯੂਰੋਲੌਜੀਕਲ ਸਿਹਤ ਦਾ ਸਰਗਰਮੀ ਨਾਲ ਪ੍ਰਬੰਧਨ ਅਤੇ ਸਿਹਤ ਤਬਦੀਲੀਆਂ ਕਰਨ ਲਈ ਤਿਆਰ ਲੋਕਾਂ ਨੂੰ ਜਾਣਕਾਰੀ ਦਿੰਦੇ ਹਾਂ। ਸਾਡੀ ਜਾਣਕਾਰੀ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੇ ਸਰੋਤਾਂ ਤੇ ਨਿਰਭਰ ਹੈ ਅਤੇ ਇਸਦੀ ਸਿਹਤ ਮਾਹਿਰਾਂ ਵੱਲੋਂ ਸਮੀਖਿਆ ਕੀਤੀ ਜਾਂਦੀ ਹੈ।

ਹੋਰ ਜਾਨਣ ਲਈ, ਯੂਰੋਲੌਜੀ ਕੇਅਰ ਫਾਊਂਡੇਸ਼ਨ ਦੀ ਵੈੱਬਸਾਈਟ **UrologyHealth.org/UrologicConditions** ਤੇ ਜਾਓ ਜਾਂ ਫਿਰ ਆਪਣੇ ਨੇੜੇ ਇੱਕ ਡਾਕਟਰ ਲੱਭਣ ਲਈ **UrologyHealth.org/FindAUrologist** ਤੇ ਜਾਓ।

## ਬੇਦਾਵਾ:

ਇਹ ਜਾਣਕਾਰੀ ਸਵੈ ਰੋਗਨਿਦਾਨ ਲਈ ਇੱਕ ਸੰਦ ਜਾਂ ਇੱਕ ਮਾਹਿਰ ਮੈਡੀਕਲ ਮਸ਼ਵਰੇ ਦਾ ਬਦਲ ਨਹੀਂ ਹੈ। ਇਹ ਇਸ ਉਦੇਸ਼ ਲਈ ਵਰਤਣ ਜਾਂ ਸਿਹਤ ਯਕੀਨ ਕਰਨ ਲਈ ਨਹੀਂ ਹੈ। ਕਿਰਪਾ ਕਰਕੇ ਆਪਣੀਆਂ ਸਿਹਤ ਸਮੱਸਿਆਂਵਾਂ ਬਾਰੇ ਆਪਣੇ ਯੂਰੋਲੌਜਿਸਟ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਕਿਸੇ ਵੀ ਇਲਾਜ ਸਮੇਤ ਦਵਾਈਆਂ ਨੂੰ ਸ਼ੁਰੂ ਜਾਂ ਬੰਦ ਕਰਨ ਤੋਂ ਪਹਿਲਾਂ ਹਮੇਸ਼ਾਂ ਇੱਕ ਸਿਹਤ ਸੰਭਾਲ ਪ੍ਰਦਾਤਾ ਨਾਲ ਮਸ਼ਵਰਾ ਕਰੋ।

ਯੂਰੋਲੌਜੀਕਲ ਹਾਲਤਾਂ ਲਈ ਹੋਰ ਜਾਣਕਾਰੀ ਲੈਣ ਲਈ **UrologyHealth.org/Order** ਤੇ ਜਾਓ ਜਾਂ 800-828-7866 ਤੇ ਕਾਲ ਕਰੋ।

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

©2017 Urology Care Foundation. All Rights Reserved.
ProstateHealth-Prostatitis-FS-2018-Punjabi